Ph. 232456

# ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ

## ਵਿਕਾਸ ਸ਼ਾਖਾ :-

ਇਹ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਵਿਖੇ ਦੂਸਰੀ ਮੰਜ਼ਿਲ 'ਤੇ ਕਮਰਾ ਨੰ: 58, 59, 60 ਵਿੱਚ ਸਥਿਤ ਹੈ। ਇਨ੍ਹਾਂ ਪਾਸ ਹੇਠ ਲਿਖੀਆਂ ਸਕੀਮਾਂ ਦਾ ਕੰਮ ਹੈ :-

## ਸੀ.ਡੀ. 2.32 ਬੁਨਿਆਦੀ ਢਾਂਚਾ ਅਤੇ ਸੰਸਥਾਗਤ ਕੰਮਾਂ ਨੂੰ ਮਜ਼ਬੂਤ ਕਰਨ ਲਈ ਐਲਾਨੀਆਂ ਗ੍ਰਾਂਟਾਂ :

ਉਪਰੋਕਤ ਗ੍ਰਾਂਟ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ (ਪੰਜਾਬ) ਚੰਡੀਗੜ੍ਹ (ਯੋਜਨਾ ਸ਼ਾਖਾ) ਦੇ ਰਾਹੀਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਜਾਰੀ ਹੁੰਦੀ ਹੈ। ਸਬੰਧਿਤ ਸੰਸਥਾ ਨੂੰ ਗ੍ਰਾਂਟ ਦਾ ਭੁਗਤਾਨ ਕਰਨ ਲਈ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਮਾਨਸਾ ਨੂੰ ਹੁਕਮ ਹੁੰਦਾ ਹੈ। ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਮਾਨਸਾ ਵੱਲੋਂ ਗ੍ਰਾਂਟ ਬਿੱਲ ਖਜ਼ਾਨੇ ਵਿੱਚੋਂ ਪਾਸ ਕਰਵਾਏ ਜਾਂਦੇ ਹਨ ਅਤੇ ਮਾਨਯੋਗ ਡਿਪਟੀ ਕਮਿਸ਼ਨਰ ਜੀ ਦੇ ਆਦੇਸ਼ਾਂ ਅਨੁਸਾਰ ਸਬੰਧਤ ਸੰਸਥਾਵਾਂ ਨੂੰ ਬੈਂਕ ਡਰਾਫਟ/ਚੈੱਕ ਰਾਹੀਂ ਅਦਾਇਗੀ ਕੀਤੀ ਜਾਂਦੀ ਹੈ ਅਤੇ ਨਾਲ ਹੀ ਸੰਸਥਾ ਦੇ ਮੁੱਖੀ ਨੂੰ ਗ੍ਰਾਂਟ ਖਰਚ ਕਰਨ ਦੀਆਂ ਹਦਾਇਤਾਂ ਦੱਸੀਆਂ ਜਾਂਦੀਆਂ ਹਨ। ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਅਤੇ ਕੰਮ ਨੂੰ ਸਮੇਂ ਅੰਦਰ ਪੂਰਾ ਕਰਨ ਆਦਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ, ਜਿਵੇਂ :-

1. ਗ੍ਰਾਂਟ ਨੂੰ ਪ੍ਰਾਪਤ ਕਰਨ ਉਪਰੰਤ ਇੱਕ ਸਾਲ ਦੇ ਅੰਦਰ-ਅੰਦਰ ਖਰਚ ਕਰਨਾ/ਕੰਮ ਮੁਕੰਮਲ ਕਰਨਾ ਅਤੇ ਗ੍ਰਾਂਟ ਦੀ ਵਰਤੋਂ ਸਬੰਧੀ ਲੋੜੀਂਦਾ ਸਰਟੀਫਿਕੇਟ ਤੁਰੰਤ ਭੇਜਣਾ।
2. ਸ਼ੁਰੂ ਕੀਤਾ ਗਿਆ ਕੰਮ ਕਿਸੇ ਵੀ ਹਾਲਤ ਵਿੱਚ ਅਧੂਰਾ ਨਹੀਂ ਛੱਡਿਆ ਜਾਵੇਗਾ, ਕੰਮ ਮੁਕੰਮਲ ਕਰਨ ਲਈ ਬਾਕੀ ਦਾ ਧਨ ਆਪਣੇ ਵਸੀਲਿਆਂ ਤੋਂ ਖਰਚ ਕੀਤਾ ਜਾਵੇਗਾ।
3. ਗ੍ਰਾਂਟ ਦੀ ਰਕਮ ਕਿਸੇ ਕੌਮੀ ਕ੍ਰਿਤ ਬੈਂਕ/ਡਾਕਘਰ ਵਿੱਚ ਰੱਖੀ ਜਾਵੇਗੀ ਅਤੇ ਪ੍ਰਾਪਤ ਹੋਇਆ ਵਿਆਜ਼ ਗ੍ਰਾਂਟ ਦਾ ਭਾਗ ਹੋਵੇਗਾ।
4. ਖਰਚੇ ਦੀਆਂ ਰਸੀਦਾਂ, ਵਾਊਚਰ ਮੱਦਵਾਰ/ਕਾਰਜਕਾਰੀ ਏਜੰਸੀ/ਸੰਸਥਾ ਦੇ ਮੁਖੀ ਵੱਲੋਂ ਬਕਾਇਦਾ ਤੌਰ ਤੇ ਤਸਦੀਕ ਕੀਤੇ ਹੋਣ ਅਤੇ ਰਕਮ ਦਾ ਇੰਦਰਾਜ ਕੈਸ਼ ਬੁੱਕ ਵਿੱਚ ਹੋਣਾ ਚਾਹੀਦਾ ਹੈ ਅਤੇ ਇਹ ਰਿਕਾਰਡ ਮਹਾਂ ਲੇਖਾਕਾਰ, ਪੰਜਾਬ ਦੇ ਕਰਮਚਾਰੀ/ਅਧਿਕਾਰੀ ਨੂੰ ਆਡਿਟ ਲਈ ਪੇਸ਼ ਕੀਤਾ ਜਾਵੇਗਾ।
5. ਕੀਤੇ ਜਾ ਰਹੇ ਕੰਮ ਦਾ ਨਿਰੀਖਣ ਵਿਭਾਗ ਦੇ ਕਿਸੇ ਵੀ ਅਧਿਕਾਰੀ ਵੱਲੋਂ ਕਿਸੇ ਵੇਲੇ ਵੀ ਚੈਕ ਕੀਤਾ ਜਾ ਸਕਦਾ ਹੈ।
6. ਪ੍ਰਾਪਤ ਹੋਈ ਗ੍ਰਾਂਟ ਦੀ ਸੈਕਸ਼ਨ ਦੇ ਵਿਰੁੱਧ ਰਕਮ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਮਾਨਸਾ ਵੱਲੋਂ ਤੁਰੰਤ ਖਜ਼ਾਨੇ ਵਿੱਚੋਂ ਕਢਵਾ ਲਈ ਜਾਂਦੀ ਹੈ, ਪ੍ਰੰਤੂ ਰਕਮ ਦੀ ਏਜੰਸੀ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦਾ ਐਸਟੀਮੇਟ, ਪ੍ਰੋਜੈਕਟ ਰਿਪੋਰਟ ਐਗਰੀਮੈਂਟ ਬਾਂਡ ਸਕਿਊਰਟੀ ਬਾਂਡ ਆਦਿ ਕਾਗਜ਼ਾਤ ਜੋ ਕਾਰਜਕਾਰੀ ਮੈਜਿਸਟਰੇਟ ਵੱਲੋਂ ਤਸਦੀਕ ਕੀਤੇ ਹੋਣ, ਮੁਕੰਮਲ ਰੂਪ ਵਿੱਚ ਪ੍ਰਾਪਤ ਕਰਕੇ ਇਨ੍ਹਾਂ ਦੀ ਇੱਕ ਤਸਦੀਕ ਸ਼ੁਦਾ ਕਾਪੀ ਵਿਭਾਗ ਨੂੰ ਭੇਜੀ ਜਾਂਦੀ ਹੈ।

## ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਵੱਲੋਂ ਬਤੌਰ ਕੁਲੈਕਟਰ ਕੰਮ ਕਰਨਾ :-

ਪੰਜਾਬ ਸਰਕਾਰ ਨੇ ਪੰਚਾਇਤ ਦੀਆਂ ਜ਼ਮੀਨਾਂ ਤੋਂ ਨਜਾਇਜ਼ ਕਬਜ਼ੇ ਹਟਾਉਣ, ਨਜਾਇਜ਼ ਕਬਜ਼ੇਦਾਰ ਨੂੰ ਲਗਾਨ ਪਾਉਣ, ਪੰਚਾਇਤ ਦੀ ਜ਼ਮੀਨ ਦੀ ਨਿਲਾਮੀ ਨਿਯਮਾਂ ਅਨੁਸਾਰ ਨਾ ਹੋਣ ਤੇ ਕੈਂਸਲ ਕਰਨ ਆਦਿ ਦੇ ਅਧਿਕਾਰ ਸਰਕਾਰ ਨੇ ਆਪਣੇ ਨੋਟੀਫਿਕੇਸ਼ਨ ਨੰਬਰ ਐਸ ਓ 8/ਪੀ ਏ-18/61 ਐਸ 2/77 ਮਿਤੀ 26/12/1977 ਦੇ ਤਹਿਤ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ 'ਪੰਜਾਬ ਵਿਲੇਜ਼ ਕਾਮਨ ਲੈਂਡਜ ਐਕਟ 1961' (ਪੰਜਾਬ ਐਕਟ ਨੰਬਰ 18 ਆਫ਼ 1961) ਅਧੀਨ ਕੁਲੈਕਟਰ ਦੀ ਨਿਯੁਕਤੀ ਕੀਤੀ ਹੋਈ ਹੈ। ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਵੱਲੋਂ ਉਪਰੋਕਤ ਦੱਸੇ ਕੇਸਾਂ ਵਿੱਚ ਅਦਾਲਤੀ ਸੁਣਵਾਈ ਬਤੌਰ ਕੁਲੈਕਟਰ ਕੀਤੀ ਜਾਂਦੀ ਹੈ। ਜਿਨ੍ਹਾਂ ਕੇਸਾਂ ਵਿੱਚ ਨਜ਼ਾਇਜ ਕਬਜਾ ਪਾਇਆ ਜਾਂਦਾ ਹੈ ਉਨ੍ਹਾਂ ਕੇਸਾਂ ਵਿੱਚ ਬਕਾਇਦਾ ਤੌਰ ਤੇ ਅਦਾਲਤ ਵੱਲੋਂ ਕਬਜ਼ਾ ਵਾਰੰਟ ਜਾਰੀ ਕਰਕੇ ਜ਼ਮੀਨ ਦਾ ਕਬਜ਼ਾ ਪੰਚਾਇਤ ਨੂੰ ਦਵਾਇਆ ਜਾਂਦਾ ਹੈ।

ਇਸ ਤੋਂ ਇਲਾਵਾ ਜਿੰਨਾਂ ਕੇਸਾਂ ਵਿੱਚ ਲਗਾਨ ਪਾਇਆ ਜਾਂਦਾ ਹੈ, ਉਸ ਲਗਾਨ ਦੀ ਰਕਮ ਨੂੰ ਵਸੂਲਣ ਲਈ ਡਿਪਟੀ ਕਮਿਸ਼ਨਰ, ਮਾਨਸਾ (ਡੀ.ਆਰ.ਏ. (ਟੀ.) ਸ਼ਾਖਾ) ਰਾਹੀਂ ਬਕਾਇਆ ਭੋਂ ਮਾਲੀਆ ਘੋਸ਼ਿਤ ਕਰਨ ਦੀ ਕਾਰਵਾਈ ਕੀਤੀ ਜਾਂਦੀ ਹੈ।

ਪੰਜਾਬ ਸਰਕਾਰ ਵੱਲੋਂ ਮਿਲੀਆਂ ਗ੍ਰਾਂਟਾਂ ਦੀ ਜਿੰਨ੍ਹਾਂ ਪੰਚਾ/ਸਰਪੰਚਾਂ ਵੱਲੋਂ ਦੁਰਵਰਤੋਂ ਕੀਤੀ ਜਾਂਦੀ ਹੈ, ਉਨ੍ਹਾਂ ਵਿੱਚ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 216 ਅਧੀਨ ਅਦਾਲਤੀ ਕਾਰਵਾਈ ਵੀ ਕੀਤੀ ਜਾਂਦੀ ਹੈ।

## ਵਿਵੇਕੀ ਗ੍ਰਾਂਟਾਂ:

ਵਿਵੇਕੀ ਗ੍ਰਾਂਟਾਂ ਮਾਨਯੋਗ ਮੁੱਖ ਮੰਤਰੀ ਜੀ, ਪੰਜਾਬ ਅਤੇ ਕੈਬਨਿਟ ਮੰਤਰੀਆਂ, ਰਾਜ ਮੰਤਰੀਆਂ ਵੱਲੋਂ ਅਖਤਿਆਰੀ ਗ੍ਰਾਂਟਾਂ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਜਾਰੀ ਕੀਤੀਆਂ ਜਾਂਦੀਆਂ ਹਨ। ਮੰਤਰੀ ਜੀ ਵੱਲੋਂ ਜੋ ਗ੍ਰਾਂਟ ਰਲੀਜ਼ ਕੀਤੀ ਜਾਣੀ ਹੈ, ਉਸਦਾ ਪ੍ਰੋਫਾਰਮਾ ਸੈਕਸ਼ਨ ਵਿੱਤ ਸਕੱਤਰ, ਪੰਜਾਬ ਸਰਕਾਰ ਨੂੰ ਜਾਂਦਾ ਹੈ, ਜਿਸ ਦੇ ਅਧਾਰ ਤੇ ਮਹਿਕਮਾ ਕੰਟਰੋਲਰ ਵੱਲੋਂ ਸੈਕਸ਼ਨ ਪੱਤਰ ਜਾਰੀ ਹੁੰਦਾ ਹੈ। ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਵੱਲੋਂ ਇਹ ਗ੍ਰਾਂਟਾਂ ਖਜ਼ਾਨੇ ਵਿੱਚੋਂ ਡਰਾਅ ਕੀਤੀਆਂ ਜਾਂਦੀਆਂ ਹਨ ਅਤੇ ਸਬੰਧਤ ਏਜੰਸੀਆਂ ਨੂੰ ਡਰਾਫਟ ਰਾਹੀਂ ਅਦਾਇਗੀ ਕੀਤੀ ਜਾਂਦੀ ਹੈ। ਆਮ ਤੌਰ ਤੇ ਇਹ ਗ੍ਰਾਂਟਾਂ ਪਿੰਡਾਂ ਦੀਆਂ ਗਲੀਆਂ-ਨਾਲੀਆਂ, ਐਸ.ਸੀ. ਧਰਮਸ਼ਾਲਾਵਾਂ, ਸਮਸ਼ਾਨਘਾਟ, ਕਬਰਸਤਾਨ, ਯਾਦਗਾਰੀ ਗੇਟ ਆਦਿ ਲਗਾਉਣ ਲਈ ਰਲੀਜ਼ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਮਹਿਲਾ ਮੰਡਲ ਵਿੱਚ ਬਰਤਨ ਖਰੀਦਣ , ਯੂਥ ਕਲੱਬਾਂ ਲਈ ਖੇਡ ਦਾ ਸਮਾਨ ਖਰੀਦ ਕਰਨ ਲਈ ਵੀ ਗ੍ਰਾਂਟਾਂ-ਰਲੀਜ਼ ਹੁੰਦੀਆਂ ਹਨ।

ਇਹ ਗ੍ਰਾਂਟਾਂ ਇੱਕ ਸਾਲ ਦੇ ਅੰਦਰ-ਅੰਦਰ ਖਰਚ ਕੀਤੀਆਂ ਜਾਣੀਆਂ ਹੁੰਦੀਆਂ ਹਨ ਅਤੇ ਤੱਤਕਾਲ ਵਰਤੋਂ ਸਰਟੀਫਿਕੇਟ ਜਾਰੀ ਕਰਨਾ ਹੁੰਦਾ ਹੈ। ਇਨ੍ਹਾਂ ਗ੍ਰਾਂਟਾਂ ਨਾਲ ਕਰਵਾਏ ਕੰਮ ਦੀ ਪੜਤਾਲ ਕਿਸੇ ਸਮੇਂ ਵੀ ਵਿਭਾਗ ਦੇ ਅਧਿਕਾਰੀ ਕਰ ਸਕਦੇ ਹਨ ਅਤੇ ਰਿਕਾਰਡ ਆਡਿਟ ਆਦਿ ਲਈ ਪੇਸ਼ ਕਰਨਾ ਹੁੰਦਾ ਹੈ।

## ਗਰੀਬੀ ਰੇਖਾ ਤੋਂ ਹੇਠ ਰਹਿ ਰਹੇ ਪਰਿਵਾਰਾਂ ਨੂੰ ਸਹੂਲਤ ਦੇਣ ਬਾਰੇ :-

ਸਰਕਾਰ ਵੱਲੋਂ ਪੀਲੇ ਕਾਰਡਾਂ ਦੀ ਸਕੀਮ ਹੁਣ ਖਤਮ ਕੀਤੀ ਗਈ ਅਤੇ ਉਸ ਦੀ ਜਗ੍ਹਾ ਤੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ ਪੀਲੇ ਕਾਰਡਾਂ ਤੇ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਹੁਣ ਸਰਕਾਰ ਵੱਲੋਂ ਗਰੀਬੀ ਰੇਖਾਂ ਤੋਂ ਥੱਲੇ ਆਉਣ ਵਾਲੇ ਲੋਕਾਂ ਨੂੰ ਇਹ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਜਿਵੇਂ ਕਿ ਘੱਟ ਰੇਟ ਤੇ ਅਨਾਜ ਜਾਂ ਫਿਰ ਹੋਰ ਸਹੂਲਤਾਂ, ਜਿਵੇਂ ਕਿ ਸਬਸਿਡੀ ਤੇ ਕਰਜ਼ਾ ਆਦਿ ਦੇਣਾ।

ਇਸ ਸਕੀਮ ਤਹਿਤ ਉਨ੍ਹਾਂ ਪਰਿਵਾਰਾਂ ਨੂੰ ਸਹੂਲਤਾਂ ਦਿੱਤੀਆਂ ਜਾਣੀਆਂ ਹਨ ਜਿਨ੍ਹਾਂ ਦੀ ਸਲਾਨਾ ਆਮਦਨ 20,000/- ਰੁਪਏ ਤੋਂ ਘੱਟ ਹੋਵੇ ਅਤੇ ਜਿਨ੍ਹਾਂ ਦੇ ਪੱਕੇ ਮਕਾਨ ਨਾ ਹੋਣ, ਟੀ.ਵੀ., ਰੈਫਰਿਜਰੇਟਰ, ਲਿੰਕ ਫੋਨ, ਮੋਟਰ ਸਾਇਕਲ, ਸਕੂਟਰ, ਥਰੀ ਵੀਲਰ, ਟਰੈਕਟਰ, ਕੰਬਾਇਨ ਥਰੈਸ਼ਰ ਆਦਿ ਨਾ ਹੋਣ ।

***ਵਿਭਾਗ ਨਾਲ ਸਬੰਧਤ ਅੰਕੜੇ***

ਕੱਲ ਆਬਾਦੀ : 6,88,758 ਐਸ ਸੀ.: 2,08,889 ਕੁੱਲ ਪਿੰਡ : 240 3: (ਬੇਚਿਰਾਗ)

ਕੁੱਲ ਪੰਚਾਇਤ : 242

| ਸਰਪੰਚਾਂ ਦੀ ਗਿਣਤੀ | ਅ/ਜਾਤੀ | ਅ/ਜਾਤੀ (ਔਰਤਾਂ) | ਔਰਤਾਂ (ਜਨਰਲ) | ਜਨਰਲ ਸੀਟਾਂ |
|---|---|---|---|---|
| 242 | 50 | 25 | 56 | 111 |

| ਪੰਚਾਇਤ ਸੰਮਤੀ ਦੇ ਮੈਂਬਰਾਂ ਦੀ ਗਿਣਤੀ ਬਲਾਕਵਾਰ | ਕੁੱਲ | ਐਸ ਸੀ | ਜਨਰਲ |
|---|---|---|---|
| ਮਾਨਸਾ | 15 | 4 | 11 |
| ਭੀਖੀ | 15 | 4 | 11 |
| ਬੁਢਲਾਡਾ | 25 | 8 | 17 |
| ਝੁਨੀਰ | 15 | 4 | 11 |
| ਸਰਦੂਲਗੜ੍ਹ | 15 | 4 | 11 |
| ਕੁੱਲ | 85 | 24 | 61 |

ਜ਼ਿਲ੍ਹਾ ਮਾਨਸਾ ਵਿੱਚ ਕੁੱਲ 5 ਬਲਾਕ ਹਨ । ਇਨ੍ਹਾਂ ਬਲਾਕਾਂ ਦੀ ਸੁਪਰਵੀਜ਼ਨ ਦਾ ਕੰਮ ਅਤੇ ਨਿਗਰਾਨੀ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਮਾਨਸਾ ਹੀ ਕਰਦੇ ਹਨ ।

1. ਮਾਨਸਾ
2. ਭੀਖੀ
3. ਬੁਢਲਾਡਾ
4. ਝੁਨੀਰ
5. ਸਰਦੂਲਗੜ੍ਹ

***ਜਨਰਲ:***

ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਮਾਨਸਾ ਜ਼ਿਲ੍ਹਾ ਪੱਧਰ ਤੇ ਪੇਂਡੂ ਵਿਕਾਸ ਦੇ ਸਾਰੇ ਕੰਮਾਂ ਦਾ ਜ਼ਿੰਮੇ ਵਾਰ ਹੁੰਦਾ ਹੈ, ਜਿਵੇਂ ਸਮੁੱਚੇ ਜ਼ਿਲ੍ਹੇ ਵਿੱਚ ਗ੍ਰਾਮ ਪੰਚਾਇਤਾਂ ਦੀਆਂ ਪੜਤਾਲਾਂ, ਵਿਕਾਸ ਦੇ ਕੰਮਾਂ ਦਾ ਨਿਰੀਖਣ, ਸਰਪੰਚਾਂ/ਪੰਚਾਂ ਵਿਰੁੱਧ ਸ਼ਿਕਾਇਤਾਂ ਦਾ ਨਿਪਟਾਰਾ ਕਰਵਾਉਣਾ ਆਦਿ ।

ਫੋਕਲ ਪੁਆਇੰਟ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣਾ ਵੀ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਜ਼ਿੰਮੇਵਾਰੀ ਹੁੰਦੀ ਹੈ । ਇਸ ਤੋਂ ਇਲਾਵਾ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਨਾਲ ਸਬੰਧਤ ਜੋ ਜ਼ਿੰਮੇਵਾਰੀਆਂ ਸੌਂਪੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਨਿਪਟਾਉਣਾ ਵੀ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਜ਼ਿੰਮੇਵਾਰੀ ਹੁੰਦੀ ਹੈ ।